13/8/19

## ਦਫਤਰ ਸਥਾਨਕ ਸਰਕਾਰਾਂ, ਸੰਸਦੀ ਮਾਮਲੇ, ਚੋਣਾਂ ਅਤੇ ਸ਼ਿਕਾਇਤ ਨਿਵਾਰਨ ਮੰਤਰੀ ਪੰਜਾਬ

ਨਾਲ ਨੱਥੀ ਦਰਖਾਸਤ ਸ੍ਰੀ ਐਸ. ਬੰਤ ਸਿੰਘ, ਨਗਰ ਕੌਂਸਲ ਦੋਰਾਹਾ, ਲੁਧਿਆਣਾ ਤੋਂ ਪ੍ਰਾਪਤ ਹੋਈ ਹੈ। ਉਨ੍ਹਾਂ ਨੇ ਦੋਰਾਹਾ ਸ਼ਹਿਰ ਦੇ ਸੀਵਰ ਦੀ ਸਮਸਿਆ ਬਾਰੇ ਦੱਸਦੇ ਹੋਏ, ਕੁੱਝ ਸੁਝਾਅ ਦਿੱਤੇ ਹਨ। ਮਾਨਯੋਗ ਸਥਾਨਕ ਸਰਕਾਰਾਂ ਮੰਤਰੀ ਜੀ ਨੇ ਚਾਹਿਆ ਹੈ ਕਿ ਪੱਤਰ ਨੂੰ ਨਿਯਮਾਂ/ ਹਦਾਇਤਾਂ ਅਨੁਸਾਰ ਘੋਖ ਕੇ, ਲੋੜੀਂਦੀ ਕਾਰਵਾਈ ਕਰਵਾਉਣ ਦੀ ਖੇਚਲ ਕੀਤੀ ਜਾਵੇ ਜੀ।

ਨਿੱਜੀ ਸਕੱਤਰ/ਸ.ਸ.ਮੰ.

ਮਾ/ ਪ੍ਰਮੁੱਖ ਸਕੱਤਰ, ਸ.ਸ.

ਡਾਇਰੈਕਟੋਰੇਟ, ਸਥਾਨਕ ਸਰਕਾਰ, ਪੰਜਾਬ ਚੰਡੀਗੜ੍ਹ।
ਪੰਜਾਬ ਮਿਊਂਸਪਲ ਭਵਨ ਪਲਾਟ ਨੰ:3 ਸੈਕਟਰ 35-ਏ ਚੰਡੀਗੜ੍ਹ।
(ਅਮਲਾ ਸ਼ਾਖਾ)

(ਅਮਲਾ ਸ਼ਾਖਾ) ਡਾਇਰੀ ਨੰ: 4632 ਮਿਤੀ 30-07-2019, ਡਸਸ ਨੰ: 4401 ਮਿਤੀ 29-07-2019, ਸੰਯੁਕਤ ਡਸਸ ਨੰ: 9501 ਮਿਤੀ 29-07-2019, ਦਫ: ਪ੍ਰਮੁੱਖ ਸਕੱਤਰ, ਸਸ. ਨੰ: 6868-C ਮਿਤੀ 23-07-2019 ( ਵਿਸ਼ਾ: ਦੋਰਾਹਾ ਸਹਿਰ ਦੇ ਸੀਵਰ ਦੀ ਸਮਸਿਆ ਸਬੰਧੀ। ਵੱਲੋਂ: **S.Bant Singh Doburji, President-Nagar Council, Doraha.**
ਪਿੱਠ ਅੰਕਣ ਨੰ: ਅਸ2-ਡਸਸ-(ਦੋਰਾਹਾ)-2019/35084 ਮਿਤੀ 05-08-19

ਉਕਤ ਦਾ ਉਤਾਰਾ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਚੰਡੀਗੜ੍ਹ ਨੂੰ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ (ਅਮਲਾ)

6183
13/8/19

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ**
**ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ ।**

ਮਿਤੀ: 30/8/19

ਪਿੱਠ ਅੰਕਣ ਨੰ: ਪ੍ਰਵਸਸਬ-2019/ਵ-3/19311

ਉਪਰੋਕਤ ਪੱਤਰ ਦੀ ਨਕਲ ਸਮੇਤ ਸਹਿਲਗ ਸੁਪਰਡੈਂਟ ਇੰਜੀਨੀਅਰ(ਪੂਰਬ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਵਿਸੇ ਅੰਕਿਤ ਮਾਮਲੇ ਤੇ ਲੋੜੀਦੀ ਕਾਰਵਾਈ ਕਰਦੇ ਹੋਏ ਢੁਕਵਾਂ ਜਵਾਬ ਸਬੰਧਤ ਨੂੰ ਭੇਜਦੇ ਹੋਏ ਇਸ ਦਫਤਰ ਨੂੰ ਵੀ ਸੂਚਿਤ ਕੀਤਾ ਜਾਵੇ।

ਨੱਥੀ/ਉਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ (ਵ)

Office of the

Ph. : 01628-257021
01628-256221

# MUNICIPAL COUNCIL, DORAHA

rom

President
Municipal Council,
Doraha, Distt. Ludhiana

To

.......................................................
.......................................................
.......................................................

Ref. No. 521 Dated 12-7-19

ਸੇਵਾ ਵਿਖੇ,

ਮਾਨਯੋਗ ਸ੍ਰੀ ਬ੍ਰਹਮ ਮਹਿੰਦਰਾ ਜੀ,
ਕੈਬਨਿਟ ਮੰਤਰੀ, ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਵਿਸ਼ਾ:- **ਦੋਰਾਹਾ ਸ਼ਹਿਰ ਦੇ ਸੀਵਰ ਦੀ ਸਮਸਿਆ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਹੈ ਕਿ ਨਗਰ ਕੌਂਸਲ ਦੋਰਾਹਾ ਸ਼ਹਿਰ ਦੀ ਆਬਾਦੀ ਲਗਭਗ 30000 ਹੈ। ਇਹ ਸ਼ਹਿਰ 18 ਸਕੇਅਰ ਕਿਲੋ ਮੀਟਰ ਵਿਚ ਫੈਲਿਆ ਹੋਇਆ ਹੈ।ਗੰਦੇ ਪਾਣੀ ਦੀ ਨਿਕਾਸੀ ਸਹੀ ਨਾ ਹੋਣ ਕਾਰਨ ਸ਼ਹਿਰ ਵਾਸੀਆ ਨੂੰ ਸੀਵਰੇਜ ਦੀ ਸਮਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਦਾ ਮੁੱਖ ਕਾਰਨ ਗਲਾਡਾ ਵੱਲੋ ਲਗਾਏ ਗਏ ਟਰੀਟਮੈਂਟ ਪਲਾਂਟ ਹਨ। ਜਿਕਰਯੋਗ ਹੈ ਕਿ ਜੋ ਗਲਾਡਾ ਵੱਲੋ (ਜੋਨ-1) ਕੋਰਸਨ ਫੈਕਟਰੀ ਕੋਲ ਟਰੀਟਮੈਂਟ ਲਗਾਇਆ ਹੈ, ਸ਼ਹਿਰ ਦੇ 80% ਹਿੱਸੇ ਦਾ ਪਾਣੀ ਇਸ ਵਿਚ ਹੀ ਪਾਇਆ ਜਾਂਦਾ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਇਸ ਪਲਾਂਟ ਦੇ ਨਾਲ ਹੀ ਪਿੰਡ ਅੜੈਚਾ ਨੂੰ ਵੀ ਇਸ ਪਲਾਂਟ ਨਾਲ ਜੋੜਿਆ ਗਿਆ ਹੈ।ਟਰੀਟਡ ਪਾਣੀ ਦੀ ਨਿਕਾਸੀ ਲਈ ਜੋ ਲਾਈਨਾ ਖੇਤਾ ਲਈ ਪਾਈਆ ਗਈਆ ਹਨ। ਉਹ ਬਹੁਤ ਘੱਟ ਏਰੀਏ ਵਿਚ ਹਨ। ਜਿਸ ਕਾਰਨ ਸ਼ਹਿਰ ਵਿਚ ਥਾਂ-2 ਤੇ ਸੀਵਰੇਜ ਦਾ ਗੰਦਾ ਪਾਣੀ ਅਕਸਰ ਖੜਾ ਰਹਿੰਦਾ ਹੈ ਅਤੇ ਕਈ ਵਾਰ ਗੰਦਾ ਪਾਣੀ ਪੀਣ ਵਾਲੇ ਪਾਣੀ ਵਿਚ ਮਿਕਸ ਹੋਣ ਦੀ ਸਮੱਸਿਆ ਵੀ ਆਉਂਦੀ ਹੈ ਜਿਸ ਨਾਲ ਸ਼ਹਿਰ ਵਿਚ ਭਿਆਨਕ ਬਿਮਾਰੀਆ ਫੈਲਣ ਦਾ ਖਦਸ਼ਾ ਬਣਿਆ ਰਹਿੰਦਾ ਹੈ।

ਇਸ ਲਈ ਨਗਰ ਕੌਂਸਲ ਦੋਰਾਹਾ ਵੱਲੋ ਇਸ ਸਮੱਸਿਆ ਦੇ ਹੱਲ ਲਈ ਇਕ ਸੁਝਾਅ ਦਿੱਤਾ ਜਾਦਾ ਹੈ ਜਿਸ ਅਨੁਸਾਰ ਟਰੀਟ ਕੀਤੇ ਹੋਏ ਪਾਣੀ ਨੂੰ ਵਾਪਿਸ ਪਾਇਪ ਲਾਈਨ ਰਾਹੀ ਦੋਰਾਹਾ ਸ਼ਹਿਰ ਦੇ ਨਾਲ ਪੈਰਲਰ ਡਰੇਨ ਰਾਹੀ ਦੀਪ ਨਗਰ ਪੁਲ ਨੇੜੇ ਦੋ ਏਕੜ ਜਮੀਨ ਲੈ ਕੇ ਉਸ ਵਿਚ ਪਾਣੀ ਸਟੋਰ ਕੀਤਾ ਜਾ ਸਕਦਾ ਹੈ।ਕਿਉਂਕਿ ਇਸ ਤੋਂ ਅੱਗੇ ਸਿੰਚਾਈ ਲਈ ਕਾਫੀ ਏਰੀਆ ਹੈ।ਇਸ ਉਪਰੰਤ ਜੋ ਟਰੀਟਡ ਪਾਣੀ ਵਧ ਜਾਵੇਗਾ ਉਸ ਨੂੰ ਮਾਨਪੁਰ ਹੈੱਡ ਵਰਕਸ (ਬੁਆਣੀ ਹੈੱਡ ਵਰਕਸ) ਬਰਸਾਤੀ ਪਾਣੀ ਵਾਲੀ ਡਰੇਨ ਵਿਚ ਵੀ ਪਾਇਆ ਜਾ ਸਕਦਾ ਹੈ।ਇਸ ਤੋਂ ਇਲਾਵਾ ਸ਼ਹਿਰ ਦੇ ਰਹਿੰਦੇ ਏਰੀਏ ਅੰਦਰ ਵਾਟਰ ਸਪਲਾਈ/ਸੀਵਰੇਜ਼ ਵੀ ਪਾਇਆ ਜਾਣਾ ਹੈ।ਜਿਸ ਤੇ ਲਗ-ਭਗ 8 ਕਰੋੜ਼ ਰੁਪਏ ਖਰਚ ਆਉਣ ਦੀ ਉਮੀਦ ਹੈ।

ਇਸ ਲਈ ਇਹ ਕੰਮ ਵਾਟਰ ਸਪਲਾਈ ਸੀਵਰੇਜ਼ ਬੋਰਡ ਤੋ ਕਰਵਾਏ ਜਾਣ ਲਈ ਉਨ੍ਹਾਂ ਨੂੰ ਤੁਰੰਤ ਪ੍ਰਪੋਜਲ ਤਿਆਰ ਕਰਨ ਲਈ ਹਦਾਇਤ ਜਾਰੀ ਕੀਤੀ ਜਾਵੇ ਅਤੇ ਬਣਦੀ ਰਾਸ਼ੀ ਸੀਵਰੇਜ਼ ਬੋਰਡ ਨੂੰ ਜਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਸ਼ਹਿਰ ਨਿਵਾਸੀਆ ਨੂੰ ਸੀਵਰੇਜ਼ ਦੀ ਸਮੱਸਿਆ ਤੋਂ ਨਿਜਾਤ ਦਵਾਈ ਜਾ ਸਕੇ।

ਪ੍ਰਧਾਨ,
S. [illegible] Singh Doburji
President-Nagar Council, Doraha (Ldh.)